Roll No. ..................

**042**

**[Maps of India and World]**

Total No. of Questions : 8]

[Total No. of Printed Pages : 8

**SS**

**2117**

ਸਲਾਨਾ ਪਰੀਖਿਆ ਪ੍ਰਨਾਲੀ

**GEOGRAPHY (Theory)**

**(Common for Hum., Science and Agriculture Groups)**

**(Punjabi, Hindi and English Versions)**

Time allowed : Three hours

Maximum marks : 70

**(Punjabi Version)**

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **042** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(v) ਪ੍ਰਸ਼ਨ ਨੰ. **1** ਦੇ ਅੱਠ ਉਪ ਭਾਗ ਹਨ । ਇਨ੍ਹਾਂ ਦੇ ਉੱਤਰ ਇੱਕ ਸ਼ਬਦ ਤੋਂ ਇੱਕ ਵਾਕ ਵਿੱਚ ਦਿਉ । ਹਰੇਕ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ ।

(vi) ਪ੍ਰਸ਼ਨ ਨੰ. **2** ਦੇ ਅੱਠ ਉਪ ਭਾਗ ਹਨ । ਹਰੇਕ ਉਪ ਭਾਗ 2 ਅੰਕਾਂ ਦਾ ਹੈ । ਉੱਤਰ ਦੀ ਲੰਬਾਈ 2 ਤੋਂ 3 ਵਾਕਾਂ ਵਿੱਚ ਹੋਵੇਗੀ ।

(vii) ਪ੍ਰਸ਼ਨ ਨੰ. **3** ਦੇ ਅੱਠ ਉਪ ਭਾਗ ਹਨ । ਇਨ੍ਹਾਂ ਵਿੱਚੋਂ ਕੋਈ ਪੰਜ ਪ੍ਰਸ਼ਨਾਂ ਦੇ ਉੱਤਰ 60 ਤੋਂ 80 ਸ਼ਬਦਾਂ ਵਿੱਚ ਦਿਉ । ਹਰ ਪ੍ਰਸ਼ਨ 4 ਅੰਕਾਂ ਦਾ ਹੋਵੇਗਾ ।

(viii) ਪ੍ਰਸ਼ਨ ਨੰ. **4** ਤੋਂ **6** ਅੰਦਰੂਨੀ ਛੋਟ ਵਾਲੇ ਪ੍ਰਸ਼ਨ ਹਨ । ਹਰ ਪ੍ਰਸ਼ਨ 6 ਅੰਕਾਂ ਦਾ ਹੈ । ਇਹਨਾਂ ਦਾ ਉੱਤਰ 150 ਤੋਂ 250 ਸ਼ਬਦਾਂ ਵਿੱਚ ਦਿਉ ।

(ix) ਪ੍ਰਸ਼ਨ ਨੰ. **7** ਅਤੇ **8** ਭਾਰਤ ਅਤੇ ਸੰਸਾਰ ਦੇ ਨਕਸ਼ਿਆਂ ਨਾਲ ਸੰਬੰਧਿਤ ਹਨ । ਇਹਨਾਂ ਦੇ ਨਕਸ਼ੇ ਨਾਲ਼ ਨੱਥੀ ਹਨ ।

(x) ਵਿਦਿਆਰਥੀ ਭਾਰਤ ਅਤੇ ਸੰਸਾਰ ਦੇ ਸਟੈਂਸਿਲਜ਼ ਵਰਤ ਸਕਦੇ ਹਨ ।

**1.** ਹੇਠ ਲਿਖੇ ਸਾਰੇ ਪ੍ਰਸ਼ਨ ਜ਼ਰੂਰੀ ਹਨ, ਉੱਤਰ ਕੁਝ ਕੁ ਸ਼ਬਦਾਂ ਵਿੱਚ ਦਿਓ :

(ੳ) ਕਣਕ ਦੀ ਫ਼ਸਲ ਨੂੰ ਕਿੰਨੇ ਤਾਪਮਾਨ ਦੀ ਲੋੜ ਹੁੰਦੀ ਹੈ ? 1

(ਅ) ਪਨਾਮਾ ਨਹਿਰ ਕਿਹੜੇ ਦੋ ਮਹਾਂਸਾਗਰਾਂ ਨੂੰ ਮਿਲਾਉਂਦੀ ਹੈ ? 1

(ੲ) ਕੋਲੇ ਨੂੰ ਕਿਸ ਕਿਸਮ ਦਾ ਸੋਨਾ ਆਖਿਆ ਜਾਂਦਾ ਹੈ ? 1

(ਸ) ਸੰਸਾਰ ਦਾ ਸਭ ਤੋਂ ਵੱਧ ਵਸੋਂ ਵਾਲਾ ਦੇਸ ਕਿਹੜਾ ਹੈ ? 1

(ਹ) ਟਾਟਾ ਆਇਰਨ ਐਂਡ ਸਟੀਲ ਇੰਡਸਟਰੀ ਦਾ ਕਾਰਖਾਨਾ ਕਿਥੇ ਸਥਿਤ ਹੈ ? 1

(ਕ) ਸ਼ੇਰ ਸ਼ਾਹ ਸੂਰੀ ਮਾਰਗ ਕਿਥੋਂ ਕਿਥੇ ਤੱਕ ਜਾਂਦਾ ਹੈ : 1

(i) ਕੋਲਕਾਤਾ ਤੋਂ ਚੇਨੱਈ ਤੱਕ (ii) ਕੋਲਕਾਤਾ ਤੋਂ ਅੰਮ੍ਰਿਤਸਰ ਤੱਕ

(iii) ਕੋਲਕਾਤਾ ਤੋਂ ਮੁੰਬਈ ਤੱਕ ।

(ਖ) ਆਰਥਿਕ ਭੂਗੋਲ ਇਨ੍ਹਾਂ ਵਿੱਚੋਂ ਕਿਸ ਭੂਗੋਲ ਦੀ ਸ਼ਾਖ ਹੈ ?

(i) ਭੌਤਿਕ ਭੂਗੋਲ (ii) ਮਾਨਵ ਭੂਗੋਲ 1

(ਗ) ਜਨਮ ਦਰ ਤੋਂ ਕੀ ਭਾਵ ਹੈ ? 1

2. ਹੇਠ ਲਿਖੇ ਸਾਰੇ ਪ੍ਰਸ਼ਨ ਜ਼ਰੂਰੀ ਹਨ, ਉੱਤਰ 30 ਕੁ ਸ਼ਬਦਾਂ ਵਿੱਚ ਦਿਓ :

(ੳ) ਸਥਾਨਅੰਤਰੀ ਖੇਤੀ ਤੋਂ ਕੀ ਭਾਵ ਹੈ ? 2

(ਅ) ਕੋਲੇ ਦਾ ਨਿਰਮਾਣ ਕਿਵੇਂ ਹੋਇਆ ? 2

(ੲ) ਮੱਛੀ ਖੇਤਰ ਕੀ ਹੁੰਦੇ ਹਨ ? 2

(ਸ) ਚਾਹ ਦੀਆਂ ਕਿਸਮਾਂ ਦੇ ਨਾਂ ਲਿਖੋ । 2

(ਹ) ਉਤਰੀ ਅਮਰੀਕਾ ਦੀਆਂ ਗ੍ਰੇਟ ਲੇਕਸ ਵਿੱਚੋਂ ਕਿਸੇ ਦੋ ਝੀਲਾਂ ਦੇ ਨਾਂ ਲਿਖੋ । 2

(ਕ) ਵਸਤੂ ਨਿਰਮਾਣ ਉਦਯੋਗ ਦੀਆਂ ਕਿਸਮਾਂ ਦੇ ਨਾਂ ਲਿਖੋ । 2

(ਖ) ਅਮੁੱਕ ਸੋਮੇ ਕੀ ਹੁੰਦੇ ਹਨ ? ਪਰਿਭਾਸ਼ਾ ਲਿਖੋ । 2

(ਗ) ਸੰਸਾਰ ਦੇ ਦੋ ਪ੍ਰਮੁੱਖ ਹਵਾਈ ਮਾਰਗਾਂ ਦੇ ਨਾਂ ਲਿਖੋ । 2

3. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਭਾਗ ਕਰੋ :

(ੳ) ਜੰਗਲਾਂ ਦੇ ਕੀ ਲਾਭ ਹਨ ? ਲਿਖੋ । 4

(ਅ) ਮਨੁੱਖ ਦੀਆਂ ਆਰਥਿਕ ਕਿਰਿਆਵਾਂ ਤੋਂ ਕੀ ਭਾਵ ਹੈ ? 4

(ੲ) ਨਿਰਵਾਹ (ਗੁਜਾਰਾ) ਖੇਤੀ ਤੇ ਵਪਾਰਕ ਖੇਤੀ ਵਿੱਚ ਅੰਤਰ ਕਰੋ । 4

(ਸ) ਰੇਲ ਮਾਰਗਾਂ ਦੀ ਉਸਾਰੀ 'ਤੇ ਅਸਰਪਾਉ ਕਾਰਕਾਂ ਦਾ ਵਰਨਣ ਕਰੋ । 4

(ਹ) ਮੁੱਕ ਤੇ ਅਮੁੱਕ ਸੋਮਿਆਂ ਦਾ ਆਪਸੀ ਅੰਤਰ ਉਦਾਹਰਣਾਂ ਸਹਿਤ ਸਮਝਾਓ । 4

(ਕ) ਤੇਜ਼ੀ ਨਾਲ ਵਧਦੀ ਹੋਈ ਜਨਸੰਖਿਆ ਵਿਕਾਸ ਲਈ ਖਤਰੇ ਦੀ ਘੰਟੀ ਕਿਵੇਂ ਹੈ ? 4

(ਖ) ਸਹਿਕਾਰੀ ਉਦਯੋਗ ਖੇਤਰ ਤੋਂ ਕੀ ਭਾਵ ਹੈ ? 4

(ਗ) ਡੇਅਰੀ ਫ਼ਾਰਮਿੰਗ 'ਤੇ ਇੱਕ ਵਿਸਤ੍ਰਿਤ ਨੋਟ ਲਿਖੋ ਤਾਂਕਿ ਅਰਥ ਸਮਝ ਆ ਜਾਵੇ । 4

4. ਕਣਕ ਦੀ ਫ਼ਸਲ ਲਈ ਲੋੜੀਂਦੀਆਂ ਭੂਗੋਲਿਕ ਹਾਲਤਾਂ ਲਿਖੋ । ਸੰਸਾਰ ਵਿੱਚ ਕਣਕ ਪੈਦਾ ਕਰਨ ਵਾਲੇ ਮੁੱਖ ਦੇਸ਼ਾਂ ਦਾ ਵਰਨਣ ਵੀ ਕਰੋ ।

ਜਾਂ

ਸੰਸਾਰ ਵਿੱਚ ਸੂਤੀ ਕਪੜਾ ਉਦਯੋਗ ਦੇ ਉਤਪਾਦਨ ਤੇ ਵੰਡ ਦਾ ਵਰਨਣ ਕਰੋ । 6

5. ਜਨਸੰਖਿਆ ਦੀ ਵੰਡ ਉਤੇ ਅਸਰਪਾਊ ਕਾਰਕ ਕਿਹੜੇ ਹਨ ? ਵਰਨਣ ਕਰੋ ।

ਜਾਂ

ਮੈਂਗਨੀਜ਼ ਦਾ ਕੀ ਮਹੱਤਵ ਹੈ ? ਸੰਸਾਰ ਭਰ ਵਿੱਚ ਮੈਂਗਨੀਜ਼ ਦੀ ਵੰਡ ਦਾ ਵਰਨਣ ਕਰੋ । 6

6. ਸੰਸਾਰ ਭਰ ਵਿੱਚ ਮਿਲਦੀਆਂ ਜੰਗਲਾਂ ਦੀਆਂ ਕਿਸਮਾਂ ਬਾਰੇ ਦੱਸੋ । ਜੰਗਲਾਂ ਦੀ ਸਾਂਭ-ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ, ਸਖੇਪ ਵਿੱਚ ਦੱਸੋ ।

ਜਾਂ

ਹਵਾਈ ਮਾਰਗਾਂ ਤੇ ਸੜਕ ਮਾਰਗਾਂ ਦੀ ਆਪਸੀ ਤੁਲਨਾ ਕਰੋ । 6

7. ਭਾਰਤ ਦੇ ਖਾਕੇ ਵਿੱਚ ਭਰੋ :

(i) ਕੋਰੋਮੰਡਲ ਤੱਟ (ii) ਤਿਰੂਵੰਤਪੁਰਮ

(iii) ਭਾਖੜਾ ਡੈਮ (iv) ਕਾਲੀ ਮਿੱਟੀ ਦਾ ਇੱਕ ਖੇਤਰ । 4

8. ਸੰਸਾਰ ਦੇ ਖਾਕੇ ਵਿੱਚ ਭਰੋ :

(i) ਕਾਲਾਹਾਰੀ ਮਾਰੂਥਲ (ii) ਹਿੰਧ ਮਹਾਂਸਾਗਰ

(iii) ਬਰਾਜ਼ੀਲ ਦਾ ਖੰਡ ਉਤਪਾਦਕ ਖੇਤਰ (iv) ਸੰਘਣੀ ਵਸੋਂ ਵਾਲਾ ਇਕ ਖੇਤਰ । 4

***ਨੋਟ : ਕੇਵਲ ਨੇਤਰਹੀਣ ਵਿਦਿਆਰਥੀਆਂ ਲਈ, ਪ੍ਰਸ਼ਨ 7 ਤੇ 8 ਦੀ ਥਾਂ ਹਲ ਕਰਨ ਲਈ :***

7. ਕੇਵਲ ਨਾਂ ਲਿਖੋ (ਭਾਰਤ) :

(i) ਦੱਖਣੀ ਭਾਰਤ ਦੀਆਂ ਦੋ ਬੰਦਰਗਾਹਾਂ (ii) ਗੁਜਰਾਤ ਤੇ ਮਨੀਪੁਰ ਦੀਆਂ ਰਾਜਧਾਨੀਆਂ

(iii) ਕਿਸੇ ਤੇਲ ਸੋਧਕ ਕਾਰਖਾਨੇ ਦਾ ਸਥਾਨ (iv) ਪੱਛਮੀ ਬੰਗਾਲ (ਬੰਗਲਾ) ਦਾ ਕੋਈ ਦਰਿਆ । 4

8. ਕੇਵਲ ਨਾਂ ਲਿਖੋ (ਸੰਸਾਰ) :

(i) ਕਰਕ ਤੇ ਮਕਰ ਰੇਖਾਵਾਂ ਦੇ ਅਕਸ਼ਾਂਸ਼ (ii) ਸਭ ਤੋਂ ਵੱਡਾ ਮਹਾਂਸਾਗਰ

(iii) ਚੀਨ ਦੇ ਦੋ ਦਰਿਆਵਾਂ ਦੇ ਨਾਂ (iv) ਸੰਸਾਰ ਦਾ ਕੋਈ ਕੌਫ਼ੀ ਉਤਪਾਦਕ ਦੇਸ । 4